Homework – week of 9/22/2018

We will have a quiz on below definitions and be able to write Mera Mitar essay 10-15 lines for quiz

**ਭਾਸ਼ਾ ਦੀ ਪਰਿਭਾਸ਼ਾ** ੧. ਮੌਖਿਕ ਭਾਸ਼ਾ ੨. ਲਿਖਤੀ ਭਾਸ਼ਾ:
੩. ਸੰਕੇਤਕ ਭਾਸ਼ਾ:

**ਬੋਲੀ ਜਾਂ ਭਾਸ਼ਾ ਵਿੱਚ ਅੰਤਰ**

ਮਾਤ ਭਾਸ਼ਾ:
ਰਾਸ਼ਟਰ ਭਾਸ਼ਾ: **ਉਪ-ਭਾਸ਼ਾ:**


ਲਿਪੀ

- ਜਿਹੜੇ ਚਿੰਨ੍ਹਾਂ (ਅੱਖਰਾਂ) ਰਾਹੀਂ ਕੋਈ ਬੋਲੀ ਆਪਣਾ ਲਿਖਤੀ ਰੂਪ ਧਾਰਨ ਕਰਦੀ ਹੈ।
- ਕਿਸੇ ਬੋਲੀ ਨੂੰ ਲਿਖਤੀ ਰੂਪ ਦੇਣ ਲਈ ਜਿਹੜੇ ਚਿੰਨ੍ਹ ਵਰਤੇ ਜਾਂਦੇ ਹਨ, ਉਨ੍ਹਾਂ ਨੂੰ ਲਿਪੀ ਕਿਹਾ ਜਾਂਦਾ ਹੈ।
- ਪੰਜਾਬੀ ਭਾਸ਼ਾ ਦੀ ਲਿਪੀ ਗੁਰਮੁਖੀ ਹੈ।
- ਲਿਪੀ ਦੇ 40 ਅੱਖਰ / ਵਰਣ ਹਨ।
- ਗੁਰਮੁਖੀ ਗੁਰੂ ਅੰਗਦ ਜੀ ਦੀ ਦੇਣ ਹੈ।

* ਹਿੰਦੀ ਭਾਸ਼ਾ ਦੀ ਲਿਪੀ ਦੇਵਨਾਗਰੀ
* ਅੰਗਰੇਜ਼ੀ - - - ਰੋਮਨ
* ਗੁਰਮੁਖੀ ਲਿਪੀ ਦਾ ਨਾਮ ਪੈਂਤੀ ਵੀ ਹੈ।

Read ਮੇਰਾ ਮਿੱਤਰ essay and write 15 lines in your own words ,Do not copy .

# 22 ਮੇਰਾ ਮਿੱਤਰ

1. ਮੇਰੇ ਮਿੱਤਰ ਦਾ ਨਾਂਅ ਹਰਮਨ ਸਿੰਘ ਹੈ।
2. ਉਹ ਮੇਰਾ ਪੱਕਾ ਮਿੱਤਰ ਹੈ। ਅਸੀਂ ਇੱਕੋ ਮੁਹੱਲੇ ਵਿਚ ਰਹਿੰਦੇ ਹਾਂ
3. ਉਹ ਮੇਰੇ ਨਾਲ ਪੰਜਵੀਂ ਜਮਾਤ ਵਿਚ ਪੜ੍ਹਦਾ ਹੈ।
4. ਉਸ ਦੇ ਪਿਤਾ ਜੀ ਸ਼ਹਿਰ ਦੇ ਪ੍ਰਸਿੱਧ ਵਕੀਲ ਹਨ।
5. ਉਹ ਸਾਡੇ ਗੁਆਂਢ ਵਿਚ ਰਹਿੰਦੇ ਹਨ।
6. ਮੇਰਾ ਮਿੱਤਰ ਪੜ੍ਹਾਈ ਵਿਚ ਮੇਰੀ ਸਹਾਇਤਾ ਕਰਦਾ ਹੈ।
7. ਸਵੇਰ ਨੂੰ ਅਸੀਂ ਇਕੱਠੇ ਸੈਰ ਨੂੰ ਜਾਂਦੇ ਹਾਂ।
8. ਸ਼ਾਮ ਨੂੰ ਅਸੀਂ ਇਕੱਠੇ ਫੁੱਟਬਾਲ ਖੇਡਦੇ ਹਾਂ।
9. ਉਹ ਸਾਫ਼-ਸੁਥਰੇ ਕੱਪੜੇ ਪਾਉਂਦਾ ਹੈ।
10. ਉਹ ਝੂਠ ਨਹੀਂ ਬੋਲਦਾ, ਗ਼ਰੀਬ ਵਿਦਿਆਰਥੀਆਂ ਨਾਲ ਹਮਦਰਦੀ ਕਰਦਾ ਹੈ।
11. ਮੇਰੇ ਮਿੱਤਰ ਨੇ ਪੜ੍ਹਾਈ ਅਤੇ ਖੇਡਾਂ ਵਿਚ ਕਈ ਇਨਾਮ ਪ੍ਰਾਪਤ ਕੀਤੇ ਹਨ।
12. ਉਹ ਹਰ ਕੰਮ ਠੀਕ ਸਮੇਂ ਸਿਰ ਕਰਦਾ ਹੈ ਤੇ ਕਦੀ ਸਮਾਂ ਫ਼ਜ਼ੂਲ ਨਹੀਂ ਗਵਾਉਂਦਾ।
13. ਉਹ ਸੰਕਟ ਦੇ ਸਮੇਂ ਮੇਰੀ ਮਦਦ ਕਰਦਾ ਹੈ। ਇਹੀ ਸੱਚੇ ਮਿੱਤਰ ਦੀ ਪਛਾਣ ਹੈ।
14. ਮੈਨੂੰ ਆਪਣੇ ਮਿੱਤਰ 'ਤੇ ਬੜਾ ਮਾਣ ਹੈ।

# Gurubani and Virsa homework

~ Read sakhi Guru Angad Dev Ji, Do question answers, fill in the blanks.

~ Read ਸੱਚੀ ਪੜ੍ਹਾਈ 5 times, ,Write summary in your own words.

~ Memorize history questions 101-125

~ Recite Japji Sahib Ji

~ Please read 1-2 paragraphs daily.

~ Practice writing 10-12 lines daily.

# ਸੱਚੀ ਪੜ੍ਹਾਈ

ਗੁਰੂ ਨਾਨਕ ਦੇਵ ਜੀ ਦਾ ਜਨਮ 1469 ਈਸਵੀ ਵਿਚ ਰਾਏ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ) ਜ਼ਿਲ੍ਹਾ ਸ਼ੇਖ਼ੂਪੁਰਾ (ਪਾਕਿਸਤਾਨ) ਵਿਚ ਹੋਇਆ। ਉਨ੍ਹਾਂ ਦੇ ਪਿਤਾ ਮਹਿਤਾ ਕਾਲੂ, ਪਿੰਡ ਦੇ ਹਾਕਮ ਰਾਏ ਬੁਲਾਰ ਪਾਸ ਪਟਵਾਰੀ ਸਨ। ਗੁਰੂ ਜੀ ਜਦੋਂ ਸੱਤ ਸਾਲਾਂ ਦੇ ਹੋਏ ਤਾਂ ਉਨ੍ਹਾਂ ਦੇ ਪਿਤਾ ਨੇ ਉਨ੍ਹਾਂ ਨੂੰ ਪਿੰਡ ਦੇ ਪਾਂਧੇ ਗੁਪਾਲ ਦਾਸ ਪਾਸ ਹਿਸਾਬ-ਕਿਤਾਬ ਅਤੇ ਦੇਵਨਾਗਰੀ ਸਿੱਖਣ ਲਈ ਭੇਜਣਾ ਸ਼ੁਰੂ ਕੀਤਾ।

ਇਕ ਦਿਨ ਗੁਰੂ ਜੀ ਫੱਟੀ ਅੱਗੇ ਰਖ ਕੇ ਚੁੱਪ ਕਰ ਕੇ ਬੈਠੇ ਸਨ। ਗੁਰੂ ਜੀ ਨੂੰ ਇਸ ਤਰ੍ਹਾਂ ਬੈਠੇ ਦੇਖ ਕੇ ਪਾਂਧੇ ਨੇ ਪੁੱਛਿਆ, "ਨਾਨਕ, ਤੂੰ ਆਪਣਾ ਪਾਠ ਕਿਉਂ ਨਹੀਂ ਯਾਦ ਕਰਦਾ ?" ਗੁਰੂ ਜੀ ਨੇ ਉੱਤਰ ਦਿੱਤਾ, "ਪਾਂਧਾ ਜੀ, ਇਹ ਪਾਠ ਯਾਦ ਕਰਨ ਦਾ ਕੀ ਲਾਭ ਜਿਹੜਾ ਸਵਾਏ ਤੋਂ ਡੇਢੇ ਤੇ ਡੇਢਿਆਂ ਤੋਂ ਦੂਗਣੇ ਕਰਨ ਦੇ ਹੀ ਢੰਗ ਦੱਸਦਾ ਹੈ। ਇਹ ਪਾਠ ਇਹ ਨਹੀਂ ਦੱਸਦਾ ਕਿ ਕਿਵੇਂ ਦੂਨੀਆਂ ਦੇ ਬੰਧਨਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।"

ਪਾਂਧੇ ਨੇ ਕਿਹਾ, "ਨਾਨਕ, ਮੈਂ ਤਾਂ ਗਿਣਤੀ ਮਿਣਤੀ ਵਾਲੀ ਹੀ ਪੜ੍ਹਾਈ ਸਿੱਖੀ ਹੈ ਅਤੇ ਇਹ ਹੀ ਸਿਖਾਉਂਦਾ ਆ ਰਿਹਾ ਹਾਂ। ਜੇ ਤੈਨੂੰ ਦੂਨੀਆਂ ਦੇ ਬੰਧਨਾਂ ਤੋਂ ਛੁਟਕਾਰਾ ਪਾਉਣ ਵਾਲੀ ਪੜ੍ਹਾਈ ਆਉਂਦੀ ਹੈ ਤਾਂ ਉਹ ਮੈਨੂੰ ਦੱਸ ?" ਗੁਰੂ ਜੀ ਨੇ ਉੱਤਰ ਦਿੱਤਾ, "ਪਾਂਧਾ ਜੀ, ਇਸ ਕਲਮ ਅਤੇ ਸਿਆਹੀ ਨਾਲ ਇਸ ਫੱਟੀ ਉੱਪਰ ਲਿਖਣਾ ਅਤੇ ਪੜ੍ਹਨਾ ਸੰਸਾਰਕ ਕਿਰਿਆ ਹੈ, ਜਿਸ ਨਾਲ ਮਨ ਇਸ ਦੂਨੀਆਂ ਦੇ ਧੰਦਿਆਂ ਵਿਚ ਫਸਦਾ ਹੈ ਅਤੇ ਜੀਵ ਨੂੰ ਬੰਧਨ ਪੈਂਦੇ ਹਨ। ਬੰਧਨਾਂ ਵਿਚ ਫਸੇ ਹੋਏ ਜੀਵ ਦੇ ਮਨ ਵਿਚ ਵਿਕਾਰ ਪੈਦਾ ਹੁੰਦੇ ਹਨ। ਸੱਚੀ ਲਿਖਾਈ-ਪੜ੍ਹਾਈ ਨਾਲ ਇਸ ਦੁਨੀਆਂ ਦੇ ਬੰਧਨਾਂ ਤੋਂ ਮੋਹ ਟੁਟਦਾ ਹੈ ਅਤੇ ਮਨ ਵਿਕਾਰਾਂ ਤੋਂ ਛੁੱਟਦਾ ਹੈ। ਮਨ ਦੇ ਨਿਰਮਲ ਹੋਣ ਉਪ੍ਰੰਤ ਇਸ ਵਿਚ ਸ਼ੁਭ ਵਿਚਾਰ ਉਪਜਦੇ ਹਨ। ਉਹ ਸੱਚੀ ਪੜ੍ਹਾਈ, ਇਸ ਦੁਨੀਆਂ ਨੂੰ ਪੈਦਾ ਕਰਨ ਵਾਲੇ ਅਤੇ ਇਸਦੀ ਦੇਖਭਾਲ ਕਰਨ ਵਾਲੇ ਦੀ ਉਸਤਤ ਵੱਲ ਪ੍ਰੇਰਦੀ ਹੈ। ਉਸਦੇ ਗੁਣ ਗਾਉਣ ਨਾਲ ਤਨ ਮਨ ਸੁਖੀ ਹੁੰਦਾ ਹੈ ਅਤੇ ਮਨ ਵਿੱਚੋਂ ਜਨਮ-ਮਰਨ ਦਾ ਡਰ ਸਦਾ ਲਈ ਦੂਰ ਹੋ ਜਾਂਦਾ ਹੈ।"

ਪਾਂਧੇ ਨੇ ਕਿਹਾ, "ਹੇ ਨਾਨਕ, ਜੋ ਕੁਝ ਮੈਨੂੰ ਆਉਂਦਾ ਸੀ, ਉਹ ਮੈਂ ਤੈਨੂੰ ਦੱਸ ਦਿੱਤਾ। ਇਹ ਸੱਚੀ ਪੜ੍ਹਾਈ ਮੈਨੂੰ ਨਹੀਂ ਆਉਂਦੀ। ਮੈਂ ਇਹ ਨਹੀਂ ਪੜ੍ਹਾ ਸਕਦਾ।" ਗੁਰੂ ਜੀ ਨੇ ਸਾਰੀ ਕਹਾਣੀ ਘਰ ਆ ਕੇ ਦੱਸ ਦਿੱਤੀ। ਉਨ੍ਹਾਂ ਦਿਨਾਂ ਵਿਚ ਗੁਰੂ ਜੀ ਅਜੇ ਸਿਰਫ਼ ਤੇਰ੍ਹਾਂ ਸਾਲਾਂ ਦੇ ਹੀ ਸਨ। ਉਨ੍ਹਾਂ ਦੇ ਪਿਤਾ ਨੇ ਉਨ੍ਹਾਂ ਨੂੰ ਫ਼ਾਰਸੀ ਸਿੱਖਣ ਲਈ ਮੌਲਵੀ ਕੁਤਬਦੀਨ ਪਾਸ ਭੇਜਣਾ ਅਰੰਭ ਕਰ ਦਿੱਤਾ। ਇਕ ਦਿਨ ਗੁਰੂ ਜੀ ਨੇ ਮੌਲਵੀ ਨੂੰ ਪੁੱਛਿਆ, "ਇਨ੍ਹਾਂ ਅਲਫ਼, ਬੇ ਆਦਿ ਅੱਖਰਾਂ ਦੇ ਕੀ ਅਰਥ ਹਨ ?" ਮੌਲਵੀ ਪਾਸੋਂ ਇਸ ਤਰ੍ਹਾਂ ਦਾ ਸਵਾਲ ਪਹਿਲਾਂ ਕਦੇ ਕਿਸੇ ਨੇ ਪੁੱਛਿਆ ਨਹੀਂ ਸੀ। ਉਸਨੂੰ ਕੋਈ ਉੱਤਰ ਨਾ ਸੁਝਿਆ ਤਾਂ ਉਸ ਨੇ ਕਿਹਾ, "ਨਾਨਕ, ਤੂੰ ਹੀ ਦੱਸ ਇਨ੍ਹਾਂ ਦੇ ਕੀ ਅਰਥ ਹਨ ?" ਗੁਰੂ ਜੀ ਨੇ ਮੌਲਵੀ ਨੂੰ ਅਲਫ਼ ਤੋਂ ਯੇ ਤਕ ਦੇ ਸਾਰੇ ਅੱਖਰਾਂ ਦੇ ਅਰਥ ਪਰਮਾਤਮਾ ਦੀ ਉਸਤਤ ਵਿਚ ਸੁਣਾ ਦਿੱਤੇ। ਗੁਰੂ ਜੀ ਪਾਸੋਂ ਅੱਖਰਾਂ ਦੇ ਅਰਥ ਸੁਣ ਕੇ ਮੌਲਵੀ ਨੇ ਸਮਝ ਲਿਆ ਕਿ ਜੇ ਵਿਚਾਰ ਕੀਤਾ ਜਾਵੇ ਤਾਂ ਇਹ ਦੁਨਿਆਵੀ ਪੜ੍ਹਾਈ ਪਰਮਾਤਮਾ ਦੀਆਂ ਸਿਫ਼ਤਾਂ ਹਨ। ਸਿਫ਼ਤਾਂ ਦਾ ਵਿਚਾਰਨਾ ਹੀ ਸੱਚੀ ਪੜ੍ਹਾਈ ਹੈ।